ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ-4-ਸਾਖਾ)

**ਪੰਜਾਬ ਦੇ ਰਾਜਪਾਲ ਜੀ ਦੇ ਹੁਕਮ**

ਸ੍ਰੀ ਲਛਮਣ ਸਿੰਘ ਬਰਾੜ, ਰਿਟਾ: ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ:), ਫਿਰੋਜਪੁਰ ਨੂੰ ਸਰਕਾਰ ਦੇ ਪੱਤਰ ਨੰ:4/168/2010-4ਸਿ.4/6672-78, ਮਿਤੀ 10/12/2010 ਰਾਹੀਂ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਵਲੀ, 1970 ਦੇ ਨਿਯਮ, 8 ਰੈਡ ਵਿੱਦ ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ ਭਾਗ-2 ਦੇ ਨਿਯਮ 2.2 (ਬੀ) ਦੇ ਤਹਿਤ ਦੋਸ਼ ਸੂਚੀ ਜਾਰੀ ਕੀਤੀ ਗਈ ਸੀ, ਜਿਸ ਵਿੱਚ ਦੋਸ਼ ਲਗਾਏ ਗਏ ਸਨ ਕਿ ਉਸ ਵੱਲੋਂ ਜ਼ਿਲ੍ਹਾ ਸਿੱਖਿਆ ਅਫਸਰ (ਐ:ਸਿ:), ਫਿਰੋਜਪੁਰ ਦੀ ਆਸਾਮੀ ਤੇ ਤੈਨਾਤੀ ਸਮੇਂ ਲਾਲ ਸਿੰਘ ਪੁੱਤਰ ਸ੍ਰੀ ਭੂਮਣ ਸਿੰਘ, 1413, ਮਿਤੀ 22/7/1997 ਤੋਂ 10/4/2000 ਤੱਕ, ਨਵਯੁਗ ਮੋਡਲ ਸਕੂਲ ਇੰਦਰਾ ਨਗਰੀ ਅਬੋਹਰ, ਫਿਰੋਜ਼ਪੁਰ ਅਤੇ ਅਮ੍ਰੀਕ ਸਿੰਘ ਪੁੱਤਰ ਸ੍ਰੀ ਸੁੱਚਾ ਸਿੰਘ, 1893, ਮਿਤੀ 2/4/98 ਤੋਂ 31/3/2000 ਤੱਕ, ਗੁਰੂ ਤੇਗ ਬਹਾਦਰ ਪਬਲਿਕ ਹਾਈ ਸਕੂਲ, ਗੁਰਹਰਸਾਏ ਫਿਰੋਜ਼ਪੁਰ, ਨੂੰ ਆਪ ਵੱਲੋਂ ਤਜਰਬਾ ਸਰਟੀਫਿਕੇਟ ਤੇ ਪ੍ਰਤੀ-ਹਸਤਾਖਰ ਕਰਕੇ ਉਸ ਨੂੰ ਨਵੀਂ ਨਿਯੁਕਤੀ ਲਈ ਜਾਰੀ ਕੀਤਾ, ਜਿਸ ਦੇ ਫਲਸਰੂਪ ਇਸ ਉਮੀਦਵਾਰ ਵੱਲੋਂ ਨਿਯੁਕਤੀ ਹਾਸਲ ਕੀਤੀ, ਇਸ ਮਾਮਲੇ ਦੀ ਜਾਂਚ ਕਰਨ ਲਈ ਲਈ ਜ਼ਿਲ੍ਹਾ ਪੱਧਰ ਤੇ ਬਣਾਈਆਂ ਕਮੇਟੀਆਂ ਦੀ ਰਿਪੋਰਟ ਅਨੁਸਾਰ ਇਹ ਤਜਰਬਾ ਸਰਟੀਫਿਕੇਟ ਬੋਗਸ ਪਾਏ ਜਾਣ ਤੇ ਨਿਯੁਕਤ ਕੀਤੇ ਗਏ ਇਨ੍ਹਾਂ ਉਮੀਦਵਾਰ ਨੂੰ ਨੌਕਰੀ ਤੋਂ ਕੱਢਣਾਂ ਪਿਆ। ਉਸ ਵੱਲੋਂ ਇਹ ਤਜਰਬਾ ਸਰਟੀਫਿਕੇਟ ਬਿਨ੍ਹਾਂ ਤਫਤੀਸ਼ ਕੀਤੇ ਹੀ ਜਾਰੀ ਕਰ ਦਿਤਾ ਸੀ, ਜਦੋਂ ਕਿ ਇਸ ਤਰ੍ਹਾਂ ਦੇ ਸਰਟੀਫਿਕੇਟ ਨੂੰ ਜਾਰੀ ਕਰਨ ਤੋਂ ਪਹਿਲਾਂ ਇਨ੍ਹਾਂ ਦੀ ਤਫਤੀਸ਼ ਕਰਵਾਉਣੀ ਚਾਹੀਦੀ ਸੀ, ਪਰ ਉਸ ਵੱਲੋਂ ਇੰਝ ਨਹੀਂ ਕੀਤਾ ਗਿਆ ਅਤੇ ਅਣ-ਗਹਿਲੀ ਕਰਦੇ ਹੋਏ ਅਤੇ ਨਿਯਮਾਂ ਅਤੇ ਹਦਾਇਤਾਂ ਦੀਆਂ ਧੱਜੀਆਂ ਉਡਾਉਂਦੇ ਹੋਏ ਆਪਣੀ ਡਿਊਟੀ ਅਤੇ ਸਰਕਾਰ ਪ੍ਰਤੀ ਗੈਰ-ਜਿੰਮੇਵਾਰੀ ਵਿਖਾਈ, ਜਿਸ ਦੇ ਨਾਲ ਵਿਭਾਗ ਦਾ ਅਕੱਸ ਖਰਾਬ ਹੋਇਆ ਅਤੇ ਉਮੀਦਵਾਰਾਂ ਨੂੰ ਮਾਨਯੋਗ ਪੰਜਾਬ ਅਤੇ ਹਰਿਆਨਾ ਹਾਈ ਕੋਰਟ ਵਿੱਚ ਸਿਵਲ ਰਿਟ ਪਟੀਸ਼ਨ 16905 ਆਫ 2010 ਦਾਈਰ ਕਰਨ ਦਾ ਮੌਕਾ ਮਿਲ ਗਿਆ।

2. ਇਹ ਕਿ ਸ੍ਰੀ ਲਛਮਣ ਸਿੰਘ ਬਰਾੜ, ਰਿਟਾ: ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ:), ਫਿਰੋਜਪੁਰ ਵੱਲੋ ਉਸ ਨੂੰ ਜਾਰੀ ਕੀਤੀ ਗਈ ਦੋਸ਼ ਸੂਚੀ ਮਿਤੀ 10/12/2010 ਦਾ ਉੱਤਰ ਉਸ ਪਾਸੋਂ ਪ੍ਰਾਪਤ ਨਾ ਹੋਣ ਤੇ ਦੋਸ਼ ਸੂਚੀ ਵਿੱਚ ਲਗਾਏ ਦੋਸ਼ਾਂ ਦੀ ਸਦਾਈ ਜਾਨਣ ਲਈ, ਸ੍ਰੀ ਕੇ.ਡੀ.ਅਰੋੜਾ, ਆਈ.ਏ.ਐਸ.(ਰਿਟਾ) ਨੂੰ ਪੱਤਰ ਨੰ: 4/10/2010-4ਸਿ4/2209-2309 ਮਿਤੀ 3/5/2011 ਰਾਹੀਂ ਵਿਭਾਗੀ ਪੜਤਾਲ ਕਰਨ ਲਈ ਪੜਤਾਲੀਆਂ ਅਫਸਰ ਨਿਯੁਕਤ ਕੀਤਾ ਗਿਆ ਸੀ।

3 ਇਹ ਕਿ ਸ੍ਰੀ ਲਛਮਣ ਸਿੰਘ ਬਰਾੜ, ਰਿਟਾ: ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ:), ਫਿਰੋਜਪੁਰ ਦੇ ਕੇਸ ਵਿੱਚ ਪੜਤਾਲੀਆ ਅਫਸਰ ਵੱਲੋਂ ਵਿਭਾਗੀ ਪੜਤਾਲ ਰਿਪੋਰਟ ਉਨ੍ਹਾਂ ਦੇ ਪੱਤਰ ਨੰ: ਕੇ.ਡੀ.ਏ./ਆਈ.ਓ./ਸਪੈ:1, ਮਿਤੀ 24/01/2014 ਰਾਹੀਂ ਹੇਠ ਲਿਖੇ ਸਿਟੇ ਦੇ ਨਾਲ ਦੋਸਾਂ ਨੂੰ ਸਿੱਧ ਕਰਦੇ ਹੋਏ ਪ੍ਰਾਪਤ ਹੋਈ:-

**ਵਿਭਾਗੀ ਪੜਤਾਲ ਰਿਪੋਰਟ ਦਾ ਸਿੱਟਾ:-**

ਸ੍ਰੀ ਲਛਮਣ ਸਿੰਘ ਬਰਾੜ, ਰਿਟਾਇਰਡ, ਜਿਲਾ ਸਿਖਿਆ ਅਫਸਰ (ਸੈ:ਸਿ:), ਫਿਰੋਜਪੁਰ ਵਿਰੁੱਧ ਲਗਾਏ ਦੋਸਾਂ ਦਾ ਵਿਵਰਣ ਉਪਰ ਪਹਿਲਾ ਹੀ ਅੰਕਤ ਕੀਤਾ ਜਾ ਚੁੱਕਾ ਹੈ ।

ਸ੍ਰੀ ਲਛਮਣ ਸਿੰਘ ਬਰਾੜ, ਰਿਟਾਇਰਡ ਨੂੰ ਪੜਤਾਲ ਵਿਚ ਸ਼ਾਮਲ ਹੋਣ ਲਈ ਨੋਟਿਸ ਜਾਰੀ ਕੀਤੇ ਗਏ ਸਨ, ਲੇਕਿਨ ਉਹ ਹਾਜਰ ਨਹੀ ਹੋਏ ਅਤੇ ਸ੍ਰੀ ਲਛਮਣ ਸਿੰਘ ਬਰਾੜ, ਰਿਟਾਇਰਡ ਦੀ ਹਾਜਰੀ ਨੂੰ ਯਕੀਨੀ ਬਨਾਉਣ ਲਈ ਹੋਰ ਕੋਈ ਸਾਧਨ/ਵਸੀਲਾ ਨਹੀ ਰਹਿ ਗਿਆ ਸੀ, ਇਸ ਲਈ ਅਜੀਤ ਅਖਬਾਰ ਵਿੱਚ ਪਬਲਿਕ ਨੋਟਿਸ ਛਪਵਾਇਆ ਗਿਆ। ਜਿਸ ਵਿੱਚ ਸ੍ਰੀ ਲਛਮਣ ਸਿੰਘ ਬਰਾੜ, ਰਿਟਾਇਰਡ ਨੂੰ ਮਿਤੀ 26/4/12 ਨੂੰ ਸਮਾਂ 11.00 ਵਜੇ ਹਾਜਰ ਹੋਣ ਲਈ ਕਿਹਾ ਗਿਆ ਸੀ ਅਤੇ ਪਬਲਿਕ ਨੋਟਿਸ ਵਿੱਚ ਇਹ ਵੀ ਲਿਖਿਆ ਗਿਆ ਸੀ ਕਿ ਉੱਕਤ ਮਿਤੀ ਤੇ ਹਾਜਰ ਨਾ ਹੋਣ ਦੀ ਸੂਰਤ ਵਿੱਚ ਹੋਰ ਮੋਕਾ ਦਿੱਤੇ ਬਗੈਰ ਯਕਤਰਫਾ ਕਾਰਵਾਈ ਅਰੰਭੀ ਜਾਵੇਗੀ, ਕਿਉਂਕਿ ਸ੍ਰੀ ਲਛਮਣ ਸਿੰਘ ਬਰਾੜ, ਰਿਟਾਇਰਡ ਇਸ ਮਿਤੀ ਤੇ ਵੀ ਪੜਤਾਲ ਵਿੱਚ ਹਾਜਰ ਨਹੀਂ ਹੋਇਆ ਅਤੇ ਉਸ ਵਿਰੁੱਧ ਯਕਤਰਫਾ ਕਾਰਵਾਈ ਦੇ ਹੁਕਮ ਮਿਤੀ 19/7/12 ਨੂੰ ਪਾਸ ਕੀਤੇ ਗਏ ।

ਇਸ ਪੜਤਾਲ ਸਬੰਧੀ ਪੀ.ਓ. ਵੱਲੋਂ ਦੋ ਗਵਾਹ ਪੇਸ ਕੀਤੇ ਗਏ ਅਤੇ ਇੱਕ ਗਵਾਹ ਵੱਲੋਂ ਸ੍ਰੀ ਲਾਲ ਸਿੰਘ ਉਮੀਦਵਾਰ ਦਾ ਸਬੰਧਤ ਰਿਕਾਰਡ ਪੇਸ਼ ਕੀਤਾ ਗਿਆ। ਜਿਸ ਨੂੰ ਵਾਚਣ ਤੇ ਇਹ ਸਾਫ ਹੋ ਜਾਂਦਾ ਹੈ ਕਿ ਸੀ.ਓ. ਵੱਲੋ ਪ੍ਰਤੀ ਹਸਤਾਖਰ ਕੀਤਾ ਤਜਰਬਾ ਸਰਟੀਫਿਕੇਟ ਬੋਗਸ ਪਾਇਆ ਗਿਆ ਸੀ ਤੇ ਇਸੇ ਅਧਾਰ ਤੇ ਡੀ.ਈ.ਓ. ( ਐ:ਸਿ:), ਤਰਨਤਾਰਨ ਵਲੋ ਸ੍ਰੀ ਲਾਲ ਸਿੰਘ ਉਮੀਦਵਾਰ ਨੂੰ ਨੋਕਰੀ ਤੋਂ ਹਟਾਇਆ ਗਿਆ ਅਤੇ ਨਾ ਕੇਵਲ ਜਿਲ੍ਹਾ ਪੱਧਰੀ ਕਮੇਟੀ ਬਲਕਿ ਸਟੇਟ ਲੈਵਲ ਤੇ ਗਠਿਤ ਕਮੇਟੀ ਵੱਲੋ ਵੀ ਉਕਤ ਤਜਰਬਾ ਸਰਟੀਫਿਕੇਟ ਨੂੰ ਬੋਗਸ ਹੀ ਪਾਇਆ/ ਠਹਿਰਾਇਆ ਗਿਆ । ਸ੍ਰੀ ਲਛਮਣ ਸਿੰਘ ਬਰਾੜ, ਰਿਟਾਇਰਡ ਵੱਲੋ ਆਪਣੇ ਸਫਾਈ ਪੱਖ ਵਿੱਚ ਨਾ ਤੇ ਕੋਈ ਬਿਆਨ ਪੇਸ਼ ਕੀਤਾ ਅਤੇ ਨਾ ਹੀ ਕੋਈ ਸਬੂਤ ਪੇਸ ਕੀਤਾ। ਇਸ ਤਰ੍ਹਾਂ ਸ੍ਰੀ ਲਛਮਣ ਸਿੰਘ ਬਰਾੜ, ਰਿਟਾਇਰਡ ਨੇ ਦੋਸਾਂ ਦਾ

ਖੰਡਨ ਕਰਨ ਵਿੱਚ ਕੋਈ ਰੁਚੀ ਨਹੀ ਵਿਖਾਈ।

ਉਪਰੋਕਤ ਸਥਿਤੀ ਨੂੰ ਮੁੱਖ ਰੱਖਦੇ ਹੋਏ ਇਹ ਸਿੱਟਾ ਕੱਢਿਆ ਜਾਂਦਾ ਹੈ ਕਿ ਸ੍ਰੀ ਲਛਮਣ ਸਿੰਘ ਬਰਾੜ, ਰਿਟਾਇਰਡ ਵਿਰੁੱਧ ਲਗਾਏ ਦੋਸ਼ ਪੂਰੀ ਤਰ੍ਹਾਂ ਸਿੱਧ ਹੁੰਦੇ ਹਨ ਅਤੇ ਉਹ ਕਸੂਰਵਾਰ ਹੈ।

4 ਇਹ ਕਿ ਸ੍ਰੀ ਲਛਮਣ ਸਿੰਘ ਬਰਾੜ, ਰਿਟਾ: ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ:), ਫਿਰੋਜਪੁਰ ਦੇ ਕੇਸ ਵਿੱਚ ਪੜਤਾਲੀਆ ਅਫਸਰ ਵੱਲੋਂ ਵਿਭਾਗੀ ਪੜਤਾਲ ਰਿਪੋਰਟ ਉਨ੍ਹਾਂ ਦੇ ਪੱਤਰ ਨੰ: ਕੇ.ਡੀ.ਏ./ਆਈ.ਓ./ਸਪੈ:1, ਮਿਤੀ 25/01/2014 ਰਾਹੀਂ ਪ੍ਰਾਪਤ ਹੋਣ ਉਪਰੰਤ, ਇਸ ਰਿਪੋਰਟ ਨੂੰ ਘੋਖਣ ਤੇ ਸਿੱਟੇ ਵਜੋਂ ਪਾਇਆ ਗਿਆ ਕਿ ਸ੍ਰੀ ਲਛਮਣ ਸਿੰਘ ਬਰਾੜ, ਰਿਟਾ: ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ:), ਫਿਰੋਜਪੁਰ ਵਿਰੁੱਧ ਪੜਤਾਲੀਆ ਅਫਸਰ ਵੱਲੋਂ ਪ੍ਰਾਪਤ ਹੋਈ ਵਿਭਾਗੀ ਪੜਤਾਲ ਰਿਪੋਰਟ ਦੇ ਕੱਢੇ ਗਏ ਸਿੱਟੇ ਵੱਜੋ ਸਾਰੇ ਦੋਸ਼ ਸਿੱਧ ਹੁੰਦੇ ਪਾਏ ਗਏ।

5 ਇਹ ਕਿ ਸ੍ਰੀ ਲਛਮਣ ਸਿੰਘ ਬਰਾੜ, ਰਿਟਾ: ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ:), ਫਿਰੋਜਪੁਰ ਨੂੰ ਵਿਭਾਗੀ ਪੜਤਾਲ ਰਿਪੋਰਟ ਦੀ ਕਾਪੀ ਭੇਜਕੇ ਸਪਸ਼ਟੀਕਰਣ ਦੇਣ ਲਈ ਸਰਕਾਰ ਦੇ ਪੱਤਰ ਨੰ: 4/168/2010-4ਸਿ.4(32)/1022, ਮਿਤੀ 12/02/2014 ਰਾਹੀਂ ਲਿਖਿਆ ਗਿਆ ਸੀ, ਪਰ ਵਿਭਾਗੀ ਪੜਤਾਲ ਰਿਪੋਰਟ ਤੇ ਉਸ ਦਾ ਸਪਸ਼ਟੀਕਰਣ ਪ੍ਰਾਪਤ ਨਹੀਂ ਹੋਇਆ।

6 ਇਹ ਕਿ ਸ੍ਰੀ ਲਛਮਣ ਸਿੰਘ ਬਰਾੜ, ਰਿਟਾ: ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ:), ਫਿਰੋਜਪੁਰ ਵੱਲੋਂ ਸਪੱਸ਼ਟੀਕਰਨ ਪ੍ਰਾਪਤ ਨਾ ਹੋਣ ਤੇ ਉਸ ਨੂੰ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਵਲੀ, 1970 ਦੇ ਨਿਯਮ, 5 ਅਧੀਨ ਆਉਦੀਆਂ ਵੱਡੀਆਂ ਸਜਾਵਾਂ ਵਿੱਚੋ ਇੱਕ ਸਜ਼ਾ ਦੇਣ ਤੋਂ ਪਹਿਲਾਂ ਸ੍ਰੀ ਲਛਮਣ ਸਿੰਘ ਬਰਾੜ, ਰਿਟਾ: ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ:), ਫਿਰੋਜਪੁਰ ਨੂੰ ਸਰਕਾਰ ਦੇ ਪੱਤਰ ਨੰ: 4/168/2010-4ਸਿ.4/2727, ਮਿਤੀ 10.10.2014 ਰਾਹੀਂ ਮਿਤੀ 30/10/2014 ਨੂੰ ਨਿੱਜੀ ਸੁਣਵਾਈ ਦਾ ਮੌਕਾ ਦਿਤਾ ਗਿਆ ਸੀ, ਪਰ ਅਧਿਕਾਰੀ ਦੇ ਇਸ ਮਿਤੀ ਨੂੰ ਹਾਜ਼ਰ ਨਾ ਹੋਣ ਕਰਕੇ ਉਸ ਨੂੰ ਸਰਕਾਰ ਦੇ ਪੱਤਰ ਨੰ: 4/168/2010-4ਸਿ.4(32)/337876/1, ਮਿਤੀ 04/11/2014 ਰਾਹੀਂ ਮਿਤੀ 13/11/2014 ਨੂੰ ਨਿੱਜੀ ਸੁਣਵਾਈ ਦਾ ਮੌਕਾ ਦਿੰਦੇ ਹੋਏ ਨੋਟਿਸ ਜਾਰੀ ਕੀਤਾ ਗਿਆ ਸੀ, ਪਰ ਅਧਿਕਾਰੀ ਇਸ ਮਿਤੀ ਨੂੰ ਵੀ ਹਾਜਰ ਨਹੀ ਹੋਇਆ। ਇਸ ਉਪਰੰਤ ਸ਼ੱਕੀ ਨੂੰ ਪੱਤਰ ਨੰ: 4/168/2010-4ਸਿ4(32)/345257/1, ਮਿਤੀ 13.11.2014 ਰਾਹੀਂ ਮਿਤੀ 11.12.14 ਨੂੰ ਨਿੱਜੀ ਸੁਣਵਾਈ ਲਈ ਨੋਟਿਸ ਜਾਰੀ ਕੀਤਾ ਗਿਆ ਸੀ। ਸ੍ਰੀ ਲਛਮਣ ਸਿੰਘ ਬਰਾੜ, ਰਿਟਾ: ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ:), ਫਿਰੋਜਪੁਰ ਇਸ ਮਿਤੀ ਨੂੰ ਨਿੱਜੀ ਸੁਣਵਾਈ ਦੌਰਾਨ ਹਾਜ਼ਰ ਹੋਇਆ।

6. ਸ੍ਰੀ ਲਛਮਣ ਸਿੰਘ ਬਰਾੜ, ਰਿਟਾ: ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ:), ਫਿਰੋਜਪੁਰ ਵੱਲੋਂ ਨਿੱਜੀ ਸੁਣਵਾਈ ਦੌਰਾਨ ਬਿਆਨ ਕੀਤੀ ਗਈ ਸਥਿੱਤੀ ਹੇਠ ਲਿਖੇ ਅਨੁਸਾਰ ਹੈ:-

ੳ) ਸ੍ਰੀ ਲਛਮਣ ਸਿੰਘ ਬਰਾੜ, ਰਿਟਾ: ਜਿ.ਸਿ.ਅ. ਵੱਲੋਂ ਦੱਸਿਆ ਗਿਆ ਕਿ ਉਹ ਗੁਜਰਾਤ ਵਿਖੇ ਰਹਿੰਦਾ ਹੈ। ਉਸ ਨੂੰ ਜਾਰੀ ਕੀਤੀ ਗਈ ਦੋਸ਼ ਸੂਚੀ ਉਸ ਨੂੰ ਨਹੀਂ ਮਿਲੀ ਹੈ ਅਤੇ ਨਾ ਹੀ ਨਿੱਜੀ ਸੁਣਵਾਈ ਦੌਰਾਨ ਉਸਨੂੰ ਇਸ ਕੇਸ ਵਿੱਚ ਅਰੰਭੀ ਗਈ ਵਿਭਾਗੀ ਪੜ੍ਹਤਾਲ ਸਬੰਧੀ ਪੜ੍ਹਤਾਲੀਆ ਅਫਸਰ ਪਾਸੋਂ ਕੋਈ ਨੋਟਿਸ ਪ੍ਰਾਪਤ ਹੋਇਆ ਹੈ। ਜਿੱਥੋਂ ਤੱਕ ਅਖਬਾਰ ਵਿੱਚ ਛਪਣ ਦੀ ਗੱਲ ਹੈ, ਉਹ ਉਸ ਵੱਲੋਂ ਨਹੀ ਪੜ੍ਹੀ ਗਈ। ਇਸ ਦੇ ਨਾਲ ਹੀ ਉਸ ਵੱਲੋਂ ਦੱਸਿਆ ਗਿਆ ਹੈ ਕਿ ਉਸ ਨੂੰ ਰਿਟਾਇਰ ਹੋਏ ਨੂੰ 14 ਸਾਲ ਦਾ ਸਮਾਂ ਹੋ ਗਿਆ ਹੈ। ਸ੍ਰੀ ਲਛਮਣ ਸਿੰਘ ਬਰਾੜ ਵੱਲੋਂ ਆਪਣਾ ਪੱਖ ਪੂਰਨ ਲਈ ਹੋਰ ਸਮਾਂ ਦੇਣ ਲਈ ਬੇਨਤੀ ਕੀਤੀ ਗਈ।

7. ਇਹ ਕਿ ਸ੍ਰੀ ਲਛਮਣ ਸਿੰਘ ਬਰਾੜ, ਰਿਟਾ: ਵੱਲੋਂ ਉੱਕਤ ਬਿਆਨ ਕੀਤੀ ਗਈ ਸਥਿੱਤੀ ਦੇ ਸਨਮੁੱਖ ਸਰਕਾਰ ਦੇ ਪੱਤਰ ਨੰ: 4/168/2010-4ਸਿ4 (32)/373145/1, ਮਿਤੀ 22.12.2014 ਰਾਹੀਂ ਮਿਤੀ 15.01.2015 ਨੂੰ ਵਜੋ ਨਿੱਜੀ ਸੁਣਵਾਈ ਦਾ ਆਖਰੀ ਮੌਕਾ ਦਿੰਦੇ ਹੋਏ, ਨੋਟਿਸ ਜਾਰੀ ਕੀਤਾ ਗਿਆ ਸੀ।

8. ਇਹ ਕਿ ਸ੍ਰੀ ਲਛਮਣ ਸਿੰਘ ਬਰਾੜ, ਰਿਟਾ: ਵੱਲੋਂ ਨਿੱਜੀ ਸੁਣਵਾਈ ਮਿਤੀ 15.01.2015 ਨੂੰ ਉਸ ਵੱਲੋਂ ਪੇਸ਼ ਕੀਤੇ ਗਏ ਦਸਤਾਵੇਜ਼ਾਂ ਅਤੇ ਬਿਆਨ ਕੀਤੀ ਗਈ ਸਥਿੱਤੀ ਕਿ;

ੳ) ਸ੍ਰੀ ਲਛਮਣ ਸਿੰਘ ਬਰਾੜ, ਰਿਟਾ: ਵੱਲੋਂ ਦੱਸਿਆ ਗਿਆ ਕਿ ਇਸ ਕੇਸ ਵਿੱਚ ਉਸ ਨੂੰ ਪਹਿਲਾਂ ਮਿਤੀ 11.12.14 ਨੂੰ ਸੁਣਿਆ ਗਿਆ ਸੀ ਅਤੇ ਮੇਰੇ ਵੱਲੋਂ ਦੱਸਿਆ ਗਿਆ ਸੀ ਕਿ ਬੋਗਸ ਤਜ਼ਰਬਾ ਸਰਟੀਫਿਕੇਟਾਂ ਤੇ ਪ੍ਰਤੀ-ਹਸਤਾਖਰ ਕਰਨ ਸਬੰਧੀ, ਮੇਰੇ ਵਿਰੁੱਧ ਰਚੀ ਅਨੁਸਾਸ਼ਨੀ ਕਾਰਵਾਈ ਸਬੰਧੀ ਮੈਨੂੰ ਰਿਟਾਇਰਮੈਂਟ ਮਿਤੀ 03.11.2003 ਤੋਂ ਬਾਅਦ 10 ਸਾਲ ਲਈ ਮੇਰੀ ਪੈਨਸ਼ਨ ਵਿੱਚ 10% ਕੱਟ

Om (Mis)

DGSE



ਲਗਾਉਣ ਦੀ ਸਜ਼ਾ ਦੇ ਹੁਕਮ ਕੀਤੇ ਜਾ ਚੁੱਕੇ ਹਨ। ਇਸ ਲਈ ਵਾਰ-ਵਾਰ ਸਜ਼ਾ ਨਾ ਦੇਣ ਦੀ ਬੇਨਤੀ ਕੀਤੀ ਗਈ। ਉਸ ਵੱਲੋਂ ਦਿੱਤੀ ਗਈ ਸਜ਼ਾ ਦੇ ਜਾਰੀ ਕੀਤੇ ਗਏ ਹੁਕਮ ਮਿਤੀ 06.03.2006 ਦੀ ਕਾਪੀ ਪੇਸ਼ ਕੀਤੀ ਗਈ।

9. ਇਹ ਕਿ ਸ਼੍ਰੀ ਲਛਮਣ ਸਿੰਘ ਬਰਾੜ, ਰਿਟਾ: ਵੱਲੋਂ ਬਿਆਨ ਕੀਤੀ ਗਈ ਸਥਿੱਤੀ ਅਤੇ ਪੇਸ਼ ਕੀਤੇ ਗਏ ਦਸਤਾਵੇਜ਼ਾਂ ਨੂੰ ਘੋਖਣ ਤੇ ਇਹ ਪਾਇਆ ਗਿਆ ਕਿ ਇਸ ਅਧਿਕਾਰੀ ਨੂੰ ਸਰਕਾਰ ਦੇ ਪੱਤਰ ਨੰ: 4/87/2000-4ਸਿ4/559, ਮਿਤੀ 08.02.2002 ਰਾਹੀਂ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂਵਲੀ, 1970 ਦੇ ਨਿਯਮ 8 ਰੈੜ ਵਿਦ ਪੰਜਾਬ ਸਿਵਲ ਸੇਵਾਵਾਂ ਜ਼ਿਲਦ 2 ਦੇ ਨਿਯਮ 2.2 (ਬੀ) ਅਧੀਨ ਦੋਸ਼ ਸੂਚੀ ਜਾਰੀ ਕੀਤੀ ਗਈ ਸੀ, ਜਿਸ ਵਿੱਚ ਉਸ ਵੱਲੋਂ ਲੱਗਭੱਗ 400 ਤਜ਼ਰਬਾ ਸਰਟੀਫਿਕੇਟ ਜਾਅਲੀ/ਝੂਠੇ/ਤਰੁੱਟੀਹੀਨ ਪ੍ਰਤੀ-ਹਸਤਾਖਰ ਕਰਨ ਕਰਕੇ ਇਨ੍ਹਾਂ ਨਿਯਮਾਂ ਅਧੀਨ ਪਰਾਪਰ ਪ੍ਰੋਸੀਜਰ ਅਪਣਾਉਂਦੇ ਹੋਏ ਮਿਤੀ 06 ਮਾਰਚ 2006 ਨੂੰ ਸਾਬਕਾ ਪ੍ਰਮੁੱਖ ਸਕੱਤਰ, ਸਿੱਖਿਆ ਵਿਭਾਗ (ਸਕੂਲਜ਼) ਵੱਲੋਂ ਉਸ ਦੀ ਪੈਨਸ਼ਨ ਵਿੱਚ 10 ਸਾਲਾਂ ਲਈ 10% ਕੱਟ ਲਗਾਉਣ ਦੀ ਸਜ਼ਾ ਦਿੱਤੀ ਜਾ ਚੁੱਕੀ ਹੈ। ਇਸ ਲਈ ਸ਼੍ਰੀ ਲਛਮਣ ਸਿੰਘ ਬਰਾੜ, ਰਿਟਾ: ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ:), ਫਿਰੋਜ਼ਪੁਰ ਨੂੰ ਪੱਤਰ ਮਿਤੀ 10.10.12 ਰਾਹੀਂ ਉਸ ਦੇ ਵਿਰੁੱਧ ਅਰੰਭੀ ਗਈ ਅਨੁਸਾਸ਼ਨੀ ਕਾਰਵਾਈ ਨੂੰ ਠੱਪ ਕੀਤਾ ਜਾਂਦਾ ਹੈ।

ਸੀ ਰਾਊਲ, ਆਈ.ਏ.ਐਸ.,
ਪ੍ਰਮੁੱਖ ਸੱਕਤਰ, ਪੰਜਾਬ ਸਰਕਾਰ,
ਸਿੱਖਿਆ ਵਿਭਾਗ (ਸਕੂਲਜ਼)।

ਮਿਤੀ ਚੰਡੀਗੜ੍ਹ
21/2/2015

ਪਿਠ :ਅੰ: ਪ: ਨੰ:4/168/2010-4ਸਿ.4/(30)/ 426881/1 ਮਿਤੀ ਚੰਡੀਗੜ੍ਹ: 2/3/15

ਉਤਾਰਾ ਹੇਠ ਲਿੱਖਿਆ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

ਰਜਿ: 1 ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ, ਦਫਤਰ: ਕੰਪਲੈਕਸ, ਪੰਜਾਬ ਸਕੂਲ ਸਿੱਖਿਆ ਬੋਰਡ, ਫੇਸ-8, ਮੋਹਾਲੀ ਨੂੰ ਇਨ੍ਹਾਂ ਹੁਕਮਾਂ ਨੂੰ **ਵੈਬ ਸਾਈਟ ਤੇ ਪਾਉਣ ਹਿੱਤ** ਭੇਜਿਆ ਜਾਂਦਾ ਹੈ।

ਰਜਿ: 2 ਡਾਇਰੈਕਟਰ, ਸਿੱਖਿਆ ਵਿਭਾਗ, (ਸੈ:ਸਿ:/ਐ:ਸਿ:),ਪੰਜਾਬ, ਦਫਤਰ: ਕੰਪਲੈਕਸ, ਪੰਜਾਬ ਸਕੂਲ ਸਿੱਖਿਆ ਬੋਰਡ, ਫੇਸ-8, ਮੋਹਾਲੀ ਨੂੰ ਤੁਰੰਤ ਕਾਰਵਾਈ ਅਤੇ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਨ ਹਿੱਤ।

ਰਜਿ: 3 ਡਾਇਰੈਕਟਰ, ਐਸ.ਸੀ.ਈ.ਆਰ.ਟੀ., ਪੰਜਾਬ, ਦਫਤਰ: ਕੰਪਲੈਕਸ, ਪੰਜਾਬ ਸਕੂਲ ਸੱਖਿਆ ਬੋਰਡ, ਫੇਸ-8, ਮੋਹਾਲੀ ਨੂੰ ਤੁਰੰਤ ਕਾਰਵਾਈ ਅਤੇ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਨ ਹਿੱਤ।

ਰਜਿ: 4 ਡਾਇਰੈਕਟਰ, ਪੰਜਾਬ ਰਾਜ ਸਾਇੰਸ ਸਿੱਖਿਆ ਸੰਸਥਾ ,ਪੰਜਾਬ, ਦਫਤਰ: ਕੰਪਲੈਕਸ, ਪੰਜਾਬ ਸਕੂਲ ਸਿੱਖਿਆ ਬੋਰਡ, ਫੇਸ-8, ਮੋਹਾਲੀ।

ਰਜਿ: 5 ਮੰਡਲ ਸਿੱਖਿਆ ਅਫਸਰ, ਜਲੰਧਰ, ਫਰੀਦਕੋਟ ਅਤੇ ਨਾਭਾ।

ਰਜਿ: 6 ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:/ਐ:ਸਿ:) ਫਿਰੋਜ਼ਪੁਰ।

ਰਜਿ: 7 ਸ਼੍ਰੀ ਲਛਮਣ ਸਿੰਘ ਬਰਾੜ, ਰਿਟਾ: ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ:), ਫਿਰੋਜ਼ਪੁਰ

2/3/15
ਸੁਪਰਡੰਟ

<u>ਅੰਦਰੂਨੀ ਵੰਡ</u>

1. ਨਿ.ਸ./ਪ੍ਰ.ਸ.ਸ.ਸਿ.
2. ਪੀ.ਏ/ਵਿ.ਸ.ਸ.ਸਿ. (ਏ)
3. ਪੀ.ਏ/ਵਿ.ਸ.ਸ.ਸਿ.(ਗ)
4. ਸਸਸ/ਸੰਯੁ ਸ.ਸ.ਸਿ
5. ਰਿਕਾਰਡਰ ਸਿ-4 ਸ਼ਾਖਾ।

O/o DGSE Cum SPD
No. 7320 4/3/15